ਮਿੱਠੇ ਬੱਚੇ:- "ਮਿੱਠੇ ਬੱਚੇ :- ਸਤ ਦਾ ਸੰਗ ਇੱਕ ਹੀ ਹੈ ਜਿਸ ਨਾਲ ਤੁਹਾਡੀ ਸਦਗਤੀ ਹੁੰਦੀ ਹੈ, ਆਤਮਾ ਪਾਵਨ ਬਣਦੀ ਹੈ, ਬਾਕੀ ਸਭ ਹੈ ਕੁਸੰਗ, ਇਸਲਈ ਕਿਹਾ ਜਾਂਦਾ ਹੈ ਸੰਗ ਤਾਰੇ, ਕੁਸੰਗ ਬੋਰੇ"

ਪ੍ਰਸ਼ਨ:- ਬਾਪ ਦਾ ਅਜਿਹਾ ਕਿਹੜਾ ਕ੍ਰਤਵਿਆ ਹੈ ਜੋ ਕੋਈ ਵੀ ਧਰਮ ਸਥਾਪਕ ਨਹੀਂ ਕਰ ਸਕਦਾ?

ਉੱਤਰ:- ਬਾਪ ਦਾ ਕ੍ਰਤਵਿਆ ਹੈ ਸਭ ਨੂੰ ਪਤਿਤ ਤੋਂ ਪਾਵਨ ਬਣਾਕੇ ਵਾਪਿਸ ਘਰ ਲੈ ਜਾਣਾ। ਬਾਪ ਆਉਂਦੇ ਹਨ - ਸਭ ਨੂੰ ਸਰੀਰਾਂ ਤੋਂ ਮੁਕਤ ਕਰਨ ਮਤਲਬ ਮੌਤ ਦੇਣ। ਇਹ ਕੰਮ ਕੋਈ ਧਰਮ ਸਥਾਪਕ ਨਹੀਂ ਕਰ ਸਕਦਾ। ਉਨ੍ਹਾਂ ਦੇ ਪਿਛਾੜੀ ਤਾਂ ਉਨ੍ਹਾਂ ਦੇ ਧਰਮ ਦੀਆਂ ਪਾਵਨ ਆਤਮਾਵਾਂ ਉੱਪਰ ਤੋਂ ਉਤਰਦੀਆਂ ਹਨ ਅਤੇ ਆਪਣਾ - ਆਪਣਾ ਪਾਰਟ ਵਜਾ ਪਾਵਨ ਤੋਂ ਪਤਿਤ ਬਣਦੀਆਂ ਹਨ।

ਗੀਤ:- ਜਾਗ ਸਜਨੀਆਂ ਜਾਗ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਸੁਣਿਆ। ਕਿਸ ਨੇ ਸੁਣਾਇਆ? ਸਾਜਨ ਨੇ। ਸਭ ਹਨ ਸਜਨੀਆ ਜਿਸ ਨੂੰ ਭਗਤੀਆਂ ਕਿਹਾ ਜਾਂਦਾ ਹੈ। ਭਗਵਾਨ ਹੈ ਇੱਕ, ਜਿਸ ਨੂੰ ਭਗਤ ਯਾਦ ਕਰਦੇ ਹਨ। ਤਾਂ ਉਸ ਨੂੰ ਕਿਹਾ ਜਾਂਦਾ ਹੈ ਸਾਜਨ। ਭਗਤ ਕਹਿਣ ਨਾਲ ਮੇਲ ਅਤੇ ਫੀਮੇਲ਼ ਦੋਵੇਂ ਉਸ ਵਿੱਚ ਆ ਜਾਂਦੇ ਹਨ। ਤਾਂ ਸਭ ਹੋ ਗਈਆਂ ਸੀਤਾਵਾਂ। ਰਾਮ ਇੱਕ ਹੈ। ਭਗਤ ਅਨੇਕ ਹਨ, ਭਗਵਾਨ ਇੱਕ ਹੈ। ਉਸ ਭਗਵਾਨ ਨੂੰ ਕਿਹਾ ਜਾਂਦਾ ਹੈ ਪਰਮਪਿਤਾ। ਲੌਕਿਕ ਬਾਪ ਨੂੰ ਪਰਮਪਿਤਾ ਨਹੀਂ ਕਹਾਂਗੇ। ਉਹ ਹੈ ਲੌਕਿਕ ਸ਼ਰੀਰ ਦੇਣ ਵਾਲਾ ਪਿਤਾ। ਪਰਮਪਿਤਾ ਹੈ ਪਰਮਧਾਮ ਵਿੱਚ ਰਹਿਣ ਵਾਲਾ, ਸਭ ਆਤਮਾਵਾਂ ਦਾ ਪਿਤਾ। ਹਰ ਇੱਕ ਮਨੁੱਖ ਨੂੰ ਦੋ ਬਾਪ ਹਨ - ਇੱਕ ਲੌਕਿਕ, ਦੂਸਰਾ ਪਾਰਲੌਕਿਕ ਬਾਪ। ਲੌਕਿਕ ਬਾਪ ਦਾ ਜਨਮ ਬਾਏ ਜਨਮ ਵ੍ਰਸਾ ਵੱਖ ਹੁੰਦਾ ਹੈ। ਹਰ ਇੱਕ ਜਨਮ ਵਿਚ ਬਾਪ ਵੱਖ - ਵੱਖ ਰਹਿੰਦੇ ਹਨ। ਤੁਸੀਂ ਵਿਚਾਰ ਕਰੋ ਕਿੰਨੇ ਜਨਮ ਲੈਂਦੇ ਹੋ, ਕਿੰਨੇ ਬਾਪ ਮਿਲਦੇ ਹੋਣਗੇ? ( 84) ਹਾਂ 84 ਜਨਮਾਂ ਵਿੱਚ ਜਰੂਰ 84 ਬਾਪ ਅਤੇ 84 ਮਾਂ ਮਿਲਣਗੇ। ਹਰ ਇੱਕ ਜਨਮ ਵਿਚ ਇੱਕ ਹੀ ਲੌਕਿਕ ਬਾਪ ਅਤੇ ਇੱਕ ਹੀ ਮਾਂ ਰਹਿੰਦੀ ਹੈ। ਦੂਸਰਾ ਬਾਪ ਹੈ ਪਰਮਪਿਤਾ ਪਰਮਾਤਮਾ। ਲੇਕਿਨ ਸਤਿਯੁਗ - ਤ੍ਰੇਤਾ ਵਿੱਚ ਕਦੇ ਓ ਗੌਡ ਫਾਦਰ ਕਹਿ ਯਾਦ ਨਹੀਂ ਕਰਦੇ। ਹੇ ਪਰਮਪਿਤਾ ਪਰਮਾਤਮਾ ਮੇਹਰ ਕਰੋ- ਅਜਿਹਾ ਕਦੇ ਨਹੀਂ ਕਹਿੰਦੇ ਇਸਲਈ ਸਮਝਾਇਆ ਜਾਂਦਾ ਹੈ – ਸਤਿਯੁਗ - ਤ੍ਰੇਤਾ ਵਿੱਚ ਇੱਕ ਹੀ ਬਾਪ ਹੁੰਦਾ ਹੈ। ਫਿਰ ਦਵਾਪਰ - ਕਲਯੁੱਗ, ਜਿਸ ਨੂੰ ਭਗਤੀ ਮਾਰਗ ਕਿਹਾ ਜਾਂਦਾ ਹੈ - ਉੱਥੇ ਸਭ ਨੂੰ ਦੋ ਬਾਪ ਹਨ। ਮੇਲ ਅਤੇ ਫੀਮੇਲ਼ ਸਭ ਨੂੰ ਦੋ ਬਾਪ ਹਨ। ਪਾਰਲੌਕਿਕ ਬਾਪ ਨੂੰ ਯਾਦ ਕਰਦੇ ਹਨ ਕਿਉਂਕਿ ਇਹ ਦੁੱਖਧਾਮ ਹੈ। ਦੁੱਖਧਾਮ ਵਿੱਚ ਦੋ ਬਾਪ, ਸੁਖਧਾਮ ਵਿੱਚ ਇੱਕ ਹੀ ਬਾਪ। ਇੱਥੇ ਤਾਂ ਇੱਕ ਲੌਕਿਕ ਬਾਪ ਹੈ, ਦੂਸਰਾ ਫਿਰ ਸਭ ਦੇ ਦੁੱਖ ਨਿਵਾਰਨ ਕਰਨ ਵਾਲਾ ਬਾਪ ਹੈ। ਜਿਸ ਨੂੰ ਸਭ ਯਾਦ ਕਰਦੇ ਹਨ ਕਿ ਇਸ ਦੁੱਖ ਤੋਂ ਛੁਡਾਓ, ਰਹਿਮ ਕਰੋ। ਅਧਾਕਲਪ ਹੈ ਦੁੱਖਧਾਮ, ਅਧਾਕਲਪ ਹੈ ਸੁਖਧਾਮ। ਸਤਿਯੁਗ ਹੈ ਨਵਾਂ ਯੁਗ, ਕਲਯੁੱਗ ਹੈ ਪੁਰਾਣਾ ਯੁੱਗ। ਬਾਪ ਕਹਿੰਦੇ ਹਨ ਹੁਣ ਅਸੀ ਸਤਿਯੁਗ ਨਵੀਂ ਦੁਨੀਆ ਦੀ ਸਥਾਪਨਾ ਕਰ ਰਹੇ ਹਾਂ। ਕਲਯੁੱਗ ਪੁਰਾਣੇ ਯੁੱਗ ਦਾ ਵਿਨਾਸ਼ ਹੋਣਾ ਹੈ। ਕਲਯੁੱਗ ਦੇ ਬਾਦ ਫਿਰ ਸਤਿਯੁਗ ਆਉਣਾ ਹੈ। ਕਲਯੁੱਗ ਦੇ ਅੰਤ, ਸਤਿਯੁਗ ਦੇ ਆਦਿ ਨੂੰ ਕਲਪ ਦਾ ਸੰਗਮ ਕਿਹਾ ਜਾਂਦਾ ਹੈ। ਇਹ ਹੈ ਕਲਿਆਣਕਾਰੀ ਯੁੱਗ ਕਿਉਂਕਿ ਪਤਿਤ ਤੋਂ ਪਾਵਨ ਬਣਨਾ ਹੁੰਦਾ ਹੈ। ਕਲਯੁੱਗ ਵਿਚ ਹਨ ਪਤਿਤ ਮਨੁੱਖ, ਸਤਿਯੁਗ ਵਿੱਚ ਹਨ ਪਾਵਨ ਦੇਵਤੇ। ਬਾਪ ਸਮਝਾਉਂਦੇ ਹਨ ਕਿ ਇਹ ਆਸੁਰੀ ਰਾਵਣ ਸੰਪ੍ਰਦਾਯ ਹੈ। ਹਰ ਇੱਕ ਦੇ ਵਿੱਚ ਪੰਜ ਵਿਕਾਰਾਂ ਦੀ ਪ੍ਰਵੇਸ਼ਤਾ ਹੈ। ਉਸਨੂੰ ਕਹਾਂਗੇ ਰਾਵਣ ਓਮਨੀ ਪ੍ਰੇਜੇਂਟ, ਗੌਡ ਓਮਨੀ ਪ੍ਰੇਜੈਂਟ ਨਹੀਂ। ਪੰਜ ਵਿਕਾਰ ਪ੍ਰਵੇਸ਼ ਹਨ, ਇਸਲਈ ਇਸ ਨੂੰ ਪਤਿਤ ਦੁਨੀਆ ਕਿਹਾ ਜਾਂਦਾ ਹੈ। ਸਤਿਯੁਗ - ਤ੍ਰੇਤਾ ਨੂੰ ਪਾਵਨ ਦੁਨੀਆ ਸ਼ਿਵਾਲਿਆ ਕਿਹਾ ਜਾਂਦਾ ਹੈ। ਕਲਯੁੱਗ ਹੈ ਵੈਸ਼ਾਲਿਆ। ਤਾਂ ਸ਼ਿਵ ਪਰਮਪਿਤਾ ਪਰਮਾਤਮਾ ਆਕੇ ਨਵੇਂ ਯੁੱਗ ਦੀ ਸਥਾਪਨਾ ਕਰਦੇ ਹਨ। ਬਾਪ ਸਮਝਾਉਂਦੇ ਹਨ ਹੁਣ ਜਾਗੋ, ਨਵ ਯੁੱਗ ਮਤਲਬ ਸੁਖਧਾਮ ਦਾ ਸਮੇਂ ਹੁਣ ਆਇਆ ਹੈ। ਲਕਸ਼ਮੀ - ਨਾਰਾਇਣ ਦਾ ਰਾਜ ਆ ਰਿਹਾ ਹੈ। ਇਹ ਹੈ ਹੀ ਰਾਜਯੋਗ। ਇਹ ਕੋਈ ਕਾਮਨ ਸਤਿਸੰਗ ਨਹੀਂ ਹੈ। ਇੱਕ ਹੁੰਦਾ ਹੈ ਸਤ ਸੰਗ, ਦੂਸਰਾ ਹੁੰਦਾ ਹੈ ਝੂਠਾ ਸੰਗ, ਕੁਸੰਗ ਸਤ ਦਾ ਸੰਗ ਤਾਰੇ, ਕੁਸੰਗ ਬੋਰੇ… ਸਤ ਤੇ ਇੱਕ ਹੀ ਬਾਪ ਹੈ। ਉਨ੍ਹਾਂ ਨੂੰ ਕਹਿੰਦੇ ਹਨ ਪਤਿਤ - ਪਾਵਨ ਆਓ। ਉਹ ਹੀ ਆਕੇ ਪਾਵਨ ਬਣਾਉਂਦੇ ਹਨ - ਅਧਾਕਲਪ ਦੇ ਲਈ। ਫਿਰ ਮਾਇਆ ਰਾਵਣ ਆਕੇ ਅਧਾਕਲਪ ਪਤਿਤ ਬਣਾਉਂਦੀ ਹੈ। ਇਵੇਂ ਨਹੀਂ, ਬਾਪ ਹੀ ਪਤਿਤ ਬਣਾਉਂਦੇ ਹਨ। ਹੁਣ ਹੈ ਹੀ ਰਾਵਣ ਰਾਜ। ਜਦੋ ਤੱਕ ਸਤ ਬਾਪ ਨਾ ਆਉਣ ਉਦੋਂ ਤੱਕ ਸਤਿਸੰਗ ਨਹੀਂ। ਸਭ ਹਨ ਝੂਠ ਸੰਗ ਅਤੇ ਕੁਸੰਗ। ਤੁਸੀਂ ਹੋ ਸੀਤਾਵਾਂ, ਤੁਸੀਂ ਭਗਤੀ ਕਰਦੀ ਹੋ। ਸਮਝਦੀ ਹੋ ਭਗਤੀ ਦਾ ਫਲ ਭਗਵਾਨ ਆਕੇ ਦੇਣਗੇ। ਤਾਂ ਜਰੂਰ ਜਦ ਭਗਤੀ ਦਾ ਸਮਾਂ ਖਤਮ ਹੋਣਾ ਹੋਵੇਗਾ ਤਾਂ ਤੇ ਆਉਣਗੇ ਨਾ। ਅੱਧਾਕਲਪ ਹੈ ਗਿਆਨ ਦੀ ਪ੍ਰਾਲਬਧ ਅਤੇ ਅੱਧਾ ਕਲਪ ਹੈ ਭਗਤੀ ਦੀ ਪ੍ਰਾਲਬਧ। ਹੁਣ ਤੁਸੀਂ ਪੁਰਸ਼ਾਰਥ ਕਰ ਰਹੇ ਹੋ ਭਗਵਾਨ ਦੀ ਸ਼੍ਰੀਮਤ ਤੇ। ਭਗਵਾਨ ਇੱਕ ਹੁੰਦਾ ਹੈ, ਉਹ ਹੈ ਨਿਰਾਕਾਰ ਪਰਮਪਿਤਾ ਪਰਮਾਤਮਾ, ਆਤਮਾਵਾਂ ਦਾ ਬਾਪ। ਉਹ ਆਉਂਦੇ ਹੀ ਹਨ ਸੰਗਮ ਤੇ। ਦਵਾਪਰ - ਕਲਯੁੱਗ ਨੂੰ ਭਗਤੀ ਕਾਂਡ ਕਿਹਾ ਜਾਂਦਾ ਹੈ। ਸਤਿਯੁਗ - ਤ੍ਰੇਤਾ ਨੂੰ ਗਿਆਨ ਖੰਡ ਕਿਹਾ ਜਾਂਦਾ ਹੈ। ਗਿਆਨ ਹੈ ਹੀ ਗਿਆਨ ਸਾਗਰ ਪਰਮਪਿਤਾ ਪਰਮਾਤਮਾ ਦੇ ਕੋਲ। ਸ਼ਾਸਤਰਾਂ ਦਾ ਗਿਆਨ ਕੋਈ ਗਿਆਨ ਨਹੀਂ। ਜੇਕਰ ਉਨ੍ਹਾਂ ਵਿੱਚ ਗਿਆਨ ਹੁੰਦਾ ਤਾਂ ਸਦਗਤੀ ਹੁੰਦੀ। ਭਾਰਤ ਜੋ ਹੀਰੇ ਵਰਗਾ ਸੀ ਹੁਣ ਹੈ ਨਹੀਂ। ਫਿਰ ਬਾਪ ਬਣਾਉਂਦੇ ਹਨ। ਤੁਸੀਂ ਹੁਣ ਹੀਰੇ ਜਿਹਾ ਬਣ ਰਹੇ ਹੋ। ਤੁਹਾਡਾ ਜੀਵਨ ਪ੍ਲਟ ਰਿਹਾ ਹੈ। ਆਤਮਾ ਦੈਵੀਗੁਣ

ਧਾਰਨ ਕਰ ਰਹੀ ਹੈ। ਉਵੇਂ ਤਾਂ ਮਨੁੱਖ ਬੈਰਿਸਟਰ, ਇੰਨਜੀਨੀਅਰ, ਸਰਜਨ ਆਦਿ ਬਣਦੇ ਹਨ। ਬਾਕੀ ਮਨੁੱਖ ਨੂੰ ਦੇਵਤਾ ਬਨਾਉਣਾ ਇਹ ਪਰਮਪਿਤਾ ਪਰਮਾਤਮਾ, ਗਿਆਨ ਸਾਗਰ ਦਾ ਕ੍ਰਤਵਿਆ ਹੈ। ਉਨ੍ਹਾਂ ਨੂੰ ਹੀ ਟ੍ਰਥ ਕਿਹਾ ਜਾਂਦਾ ਹੈ। ਉਹ ਹੀ ਸੱਚ ਦੱਸਦੇ ਹਨ ਮਤਲਬ ਸੱਚਖੰਡ ਦੀ ਸਥਾਪਨਾ ਕਰਦੇ ਹਨ। ਬਾਕੀ ਸਭ ਹਨ ਝੂਠ ਬੋਲਣ ਵਾਲੇ, ਝੂਠਖੰਡ ਦੀ ਸਥਾਪਨਾ ਕਰਦੇ ਹਨ। ਰਾਵਣ ਦੀ ਮਤ ਤੇ ਚਲਦੇ ਹਨ। ਤੁਸੀਂ ਸ਼੍ਰੀਮਤ ਨਾਲ ਸ੍ਰੇਸ਼ਠ ਬਣਦੇ ਹੋ। ਨਵੇਂ ਯੁੱਗ ਵਿੱਚ ਭਾਰਤ ਨਵਾਂ ਸੀ। ਵਰਲਡ ਆਲਮਾਇਟੀ ਅਥਾਰਟੀ ਕਿਹਾ ਜਾਂਦਾ ਸੀ। ਲਕਸ਼ਮੀ - ਨਾਰਾਇਣ ਦਾ ਰਾਜ ਸੀ। ਉਨ੍ਹਾਂ ਨੂੰ ਕਿਸ ਨੇ ਇਹ ਰਾਜ - ਭਾਗ ਦਿੱਤਾ? ਜਰੂਰ ਜੋ ਸਵਰਗ ਦੀ ਸਥਾਪਨਾ ਕਰਨ ਵਾਲਾ ਹੋਵੇਗਾ। ਹੁਣ ਉਹ ਵਰਸਾ ਗਵਾਇਆ ਹੈ - 84 ਜਨਮ ਲੈਕੇ। ਹੁਣ ਫਿਰ ਚਕ੍ਰ ਪੂਰਾ ਹੁੰਦਾ ਹੈ। ਸਭ ਨੂੰ ਵਾਪਿਸ ਜਾਣਾ ਹੈ। ਲਿਬਰੇਟਰ੍ਰ ਇੱਕ ਹੀ ਬਾਪ ਹੈ। ਉਹ ਹੀ ਲਿਬਰੇਟ ਕਰ ਸਭ ਨੂੰ ਲੈ ਜਾਂਦੇ ਹਨ ਇਸਲਈ ਉਨ੍ਹਾਂ ਨੂੰ ਕਾਲਾਂ ਦਾ ਕਾਲ ਵੀ ਕਿਹਾ ਜਾਂਦਾ ਹੈ। ਬਾਪ ਕਹਿੰਦੇ ਹਨ ਹੁਣ ਤੁਹਾਡੇ 84 ਜਨਮ ਪੂਰੇ ਹੋਏ। ਹੁਣ ਵਾਪਿਸ ਜਾਣਾ ਹੈ। ਇਹ ਸ੍ਰਿਸ਼ਟੀ ਦਾ ਚਕ੍ਰ ਕਿਵੇਂ ਫਿਰਦਾ ਹੈ - ਸੋ ਬਾਪ ਬੈਠ ਸਮਝਾਉਂਦੇ ਹਨ ਮਤਲਬ ਤ੍ਰਿਕਾਲਦ੍ਰਸ਼ੀ ਬਣਾਉਂਦੇ ਹਨ। ਤਿੰਨਾਂ ਲੋਕਾਂ, ਤਿੰਨਾਂ ਕਾਲਾਂ ਦੀ ਨਾਲੇਜ਼ ਦਿੰਦੇ ਹਨ। ਉਹ ਹੀ ਪਤਿਤ - ਪਾਵਨ, ਗਿਆਨ ਸਾਗਰ, ਬੀਜਰੂਪ ਹੈ। ਉਨ੍ਹਾਂ ਤੋਂ ਹੀ ਸੱਚਖੰਡ ਦਾ ਤੁਹਾਨੂੰ ਵ੍ਰਸਾ ਮਿਲਦਾ ਹੈ। ਇੱਥੇ ਤੁਸੀਂ ਆਏ ਹੋ ਪਰਮਪਿਤਾ ਪਰਮਾਤਮਾ ਤੋਂ ਵ੍ਰਸਾ ਲੈਣ ਦੇ ਲਈ, ਜੋ ਸਵਰਗ ਦੀ ਸਥਾਪਨਾ ਕਰਨ ਵਾਲਾ ਹੈ। ਤੁਸੀਂ ਜਾਣਦੇ ਹੋ ਅਸੀਂ ਹੀ ਫਿਰ ਸਵਰਗ ਦੇ ਮਾਲਿਕ ਬਣਾਂਗੇ।

ਸਤਿਯੁਗ ਦੇ ਲਕਸ਼ਮੀ - ਨਾਰਾਇਣ ਨੂੰ ਕਿਹਾ ਜਾਂਦਾ ਹੈ ਡੀਟੀ ਰੀਲੀਜਨ, ਉਹ ਹੈ ਸ੍ਰੇਸ਼ਠ ਧਰਮ। ਉਨ੍ਹਾਂ ਦਾ ਧਰਮ ਵੀ ਸ੍ਰੇਸ਼ਠ ਹੈ ਅਤੇ ਕਰਮ ਵੀ ਸ੍ਰੇਸ਼ਠ ਹੈ। ਉੱਥੇ ਭ੍ਰਸ਼ਟਾਚਾਰੀ ਕੋਈ ਨਹੀਂ ਰਹਿੰਦਾ। ਦਵਾਪਰ - ਕਲਯੁੱਗ ਵਿਚ ਫਿਰ ਇੱਕ ਵੀ ਸ੍ਰੇਸ਼ਟਾਚਾਰੀ ਨਹੀਂ ਰਹਿੰਦੇ। ਬਾਪ ਨੂੰ ਭੁੱਲਣ ਦੇ ਕਾਰਣ ਹੀ ਬੁਰੀ ਗਤੀ ਹੁੰਦੀ ਹੈ। ਫਿਰ ਬਾਪ ਆਕੇ ਪਤਿਤ ਤੋਂ ਪਾਵਨ ਬਣਾਉਂਦੇ ਹਨ। ਧਰਮ ਸਥਾਪਕ ਕੋਈ ਪਤਿਤ ਤੋਂ ਪਾਵਨ ਬਨਾਉਣ ਨਹੀਂ ਆਉਂਦੇ। ਪਤਿਤ - ਪਾਵਨ ਤੇ ਇੱਕ ਹੀ ਬਾਪ ਹੈ। ਉਹ ਹੀ ਸੱਚਾ ਗੁਰੂ ਹੈ। ਬਾਕੀ ਉਹ ਤੇ ਆਕੇ ਆਪਣਾ ਧਰਮ ਸਥਾਪਨ ਕਰਦੇ ਹਨ। ਉਪਰ ਤੋਂ ਪਾਵਨ ਆਤਮਾਵਾਂ ਆਉਂਦੀਆਂ ਹਨ ਫਿਰ ਪਤਿਤ ਬਣਦੀਆਂ ਹਨ। ਇਸ ਵੇਲੇ ਸਭ ਪਤਿਤ ਹਨ। ਸਭ ਨੂੰ ਪਾਵਨ ਬਨਾਉਣਾ ਬਾਪ ਦਾ ਹੀ ਕੰਮ ਹੈ। ਉਹ ਹੀ ਪਤਿਤ - ਪਾਵਨ ਹਨ। ਗੁਰੂਨਾਨਕ ਨੇ ਵੀ ਸਤਿਗੁਰੂ ਦੀ ਮਹਿਮਾ ਕੀਤੀ ਹੈ। ਇਸ ਪੁਰਾਣੀ ਦੁਨੀਆ ਦੇ ਵਿਨਾਸ਼ ਲਈ ਹੀ ਇਹ ਮਹਾਭਾਰਤ ਲੜਾਈ ਹੈ। ਬਾਕੀ ਇਵੇਂ ਨਹੀਂ, ਤੁਹਾਨੂੰ ਲੜਾਈ ਦੇ ਮੈਦਾਨ ਵਿੱਚ ਗਿਆਨ ਦਿੰਦੇ ਹਨ। ਗਿਆਨ ਦੇ ਲਈ ਤੇ ਇਕਾਂਤ ਚਾਹੀਦਾ ਹੈ। ਸਤ ਰੋਜ ਭੱਠੀ ਵਿਚ ਰਹਿਣਾ ਪੈਂਦਾ ਹੈ। ਬਾਕੀ ਤੇ ਹੈ ਭਗਤੀ ਦੀ ਸਮਗ੍ਰੀ। ਭਗਤਾਂ ਵਿਚ ਵੀ ਕਈ ਬੜੇ ਤਿੱਖੇ - ਤਿੱਖੇ ਹੁੰਦੇ ਹਨ। ਰੁਦ੍ਰ ਮਾਲਾ ਵੀ ਹੈ ਤੇ ਭਗਤ ਮਾਲਾ ਵੀ ਹੈ। ਉਹ ਹੈ ਭਗਤਾਂ ਦੀ ਮਾਲਾ, ਇਹ ਹੈ ਗਿਆਨ ਮਾਲਾ। ਉੱਪਰ ਵਿੱਚ ਸ਼ਿਵ ਫਿਰ ਯੁਗਲ ਦਾਨਾ, ਫਿਰ ਹੈ ਉਨ੍ਹਾਂ ਦੀ ਵੰਸ਼ਾਵਲੀ ਜੋ ਮਾਲਾ ਮਨੁੱਖ ਸਿਮਰਦੇ ਹਨ। ਰਾਮ - ਰਾਮ ਕਹਿੰਦੇ ਰਹਿੰਦੇ ਹਨ ਕਿਉਂਕਿ ਦੁਖੀ ਹਨ, ਰਾਵਣ ਸੰਪ੍ਰਦਾਈ ਰਾਮ ਨੂੰ ਯਾਦ ਕਰਦੇ ਹਨ ਕਿ ਆਕੇ ਆਪਣਾ ਬਣਾਓ। ਹੁਣ ਤੁਸੀਂ ਇਸ਼ਵਰ ਦੀ ਗੋਦ ਵਿਚ ਆਏ ਹੋ। ਅਸਲ ਵਿੱਚ ਸਭ ਆਤਮਾਵਾਂ ਪਰਮਪਿਤਾ ਪਰਮਾਤਮਾ ਦੀ ਸੰਤਾਨ ਹਨ। ਮਨੁੱਖ ਸ੍ਰਿਸ਼ਟੀ ਪ੍ਰਜਾ ਪਿਤਾ ਬ੍ਰਹਮਾ ਦੀ ਸੰਤਾਨ ਹੈ। ਪ੍ਰਜਾਪਿਤਾ ਬ੍ਰਹਮਾ ਦਵਾਰਾ ਮਨੁੱਖ ਸ੍ਰਿਸ਼ਟੀ ਰਚੀ ਹੈ। ਆਤਮਾ ਤੇ ਅਵਿਨਾਸ਼ੀ ਹੈ। ਆਤਮਾਵਾਂ ਦਾ ਅਵਿਨਾਸ਼ੀ ਬਾਪ ਹੈ। ਹੁਣ ਤੁਹਾਡੇ ਦੋ ਬਾਪ ਹਨ - ਇੱਕ ਵਿਨਾਸ਼ੀ, ਦੂਜਾ ਅਵਿਨਾਸ਼ੀ। ਬ੍ਰਹਮਾ ਵੀ ਸ਼ਰੀਰ ਛੱਡ ਦਿੰਦੇ ਹਨ। ਸ਼ਿਵਬਾਬਾ ਨੂੰ ਤੇ ਆਪਣਾ ਸ਼ਰੀਰ ਹੈ ਨਹੀਂ। ਉਹ ਤਾਂ ਜਨਮ - ਮਰਨ ਰਹਿਤ ਹੈ। ਜਨਮ - ਮਰਨ ਵਿੱਚ ਤੁਸੀਂ ਬੱਚੇ ਆਉਂਦੇ ਹੋ। ਤੁਸੀਂ ਆਦਿ ਸਨਾਤਨ ਦੇਵੀ - ਦੇਵਤਾਵਾਂ ਦੇ ਹੀ 84 ਜਨਮ ਹਨ। ਹਿਸਾਬ ਹੈ ਨਾ। ਗੁਰੂਨਾਨਕ ਨੂੰ ਤੇ 500 ਵਰ੍ਹੇ ਹੋਏ। ਤਾਂ ਇੰਨੇਂ ਸਮੇਂ ਵਿੱਚ 84 ਜਨਮ ਕਿਵੇਂ ਲੈਣਗੇ। ਬਾਕੀ ਲੱਖਾਂ ਵਰ੍ਹਿਆਂ ਦੀ ਤੇ ਗੱਲ ਹੀ ਨਹੀਂ। ਬਾਪ ਸਮਝਾਉਂਦੇ ਹਨ ਹੁਣ ਸਭ ਦੇ ਜਨਮ ਆਕੇ ਪੂਰੇ ਹੋਏ ਹਨ। ਫਿਰ ਨਵੇਂ ਸਿਰੇ ਖੇਲ ਸਤਿਯੁਗ ਤੋਂ ਸ਼ੁਰੂ ਹੋਵੇਗਾ। ਸਤਿਯੁਗ ਵਿੱਚ ਤਾਂ ਥੋੜੇ ਚਾਹੀਦੇ ਹਨ। ਬਾਕੀ ਇੰਨੇ ਸਭ ਕਿੱਥੇ ਜਾਣਗੇ? ਉਨ੍ਹਾਂ ਦੇ ਲਈ ਹੀ ਇਸ ਭੰਭੋਰ ਨੂੰ ਅੱਗ ਲੱਗਣੀ ਹੈ। ਇਨਾਂ ਬੰਬਜ ਨੈਚੁਰਲ ਕਲੇਮਟਿਜ ਆਦਿ ਨਾਲ ਸਭ ਖਤਮ ਹੋ ਜਾਣਗੇ। ਬਾਕੀ ਆਤਮਾਵਾਂ ਸਭ ਚਲੀਆਂ ਜਾਣਗੀਆਂ ਮੁਕਤੀਧਾਮ। ਇਹ ਕਿਆਮਤ ਦਾ ਸਮੇਂ ਹੈ, ਸਭ ਨੂੰ ਵਾਪਿਸ ਜਾਣਾ ਹੈ। ਭਾਰਤ ਨੂੰ ਅਵਿਨਾਸ਼ੀ ਖੰਡ ਕਿਹਾ ਜਾਂਦਾ ਹੈ ਕਿਉਂਕਿ ਭਾਰਤ ਹੀ ਬਾਪ ਦਾ ਜਨਮ ਸਥਾਨ ਹੈ। ਸ਼ਿਵਬਾਬਾ ਭਾਰਤ ਵਿਚ ਹੀ ਆਉਂਦੇ ਹਨ। ਪਤਿਤ - ਪਾਵਨ ਬਾਪ ਇੱਥੇ ਜਨਮ ਲੈਂਦੇ ਹਨ ਤਾਂ ਗੋਇਆ ਸਾਰੇ ਧਰਮ ਵਾਲਿਆਂ ਦੇ ਲਈ ਭਾਰਤ ਵੱਡੇ ਤੋਂ ਵੱਡਾ ਤੀਰਥ ਸਥਾਨ ਹੈ। ਇਤਨਾ ਭਾਰਤ ਦਾ ਮਹਤਵ ਹੈ ਪਰ ਮਹਤਵ ਨੂੰ ਉਡਾ ਦਿੱਤਾ ਹੈ। ਇਹ ਵੀ ਡਰਾਮੇ ਦਾ ਖੇਲ੍ਹ ਹੈ ਜੋ ਬਾਪ ਹੀ ਆਕੇ ਸਮਝਾਉਂਦੇ ਹਨ। ਬਾਪ ਕਹਿੰਦੇ ਹਨ ਮੈਂ ਹੀ ਗਿਆਨ ਦਾ ਸਾਗਰ ਹਾਂ। ਲਕਸ਼ਮੀ - ਨਾਰਾਇਣ ਨੂੰ ਗਿਆਨ ਸਾਗਰ ਨਹੀਂ ਕਿਹਾ ਜਾਂਦਾ। ਉਨ੍ਹਾਂ ਵਿੱਚ ਰਚਿਯਤਾ ਅਤੇ ਰਚਨਾ ਦੇ ਆਦਿ - ਮਧ - ਅੰਤ ਦਾ ਗਿਆਨ ਨਹੀਂ ਹੈ।

ਉਹ ਗਿਆਨ ਜਰੂਰ ਤੁਹਾਡੇ ਵਿੱਚ ਹੈ। ਤੁਸੀਂ ਹੀ ਮਨੁੱਖ ਤੋਂ ਦੇਵਤਾ ਬਣਦੇ ਹੋ। ਤੁਸੀਂ ਇੱਥੇ ਆਉਂਦੇ ਹੋ ਪਤਿਤ ਤੋਂ ਪਾਵਨ ਬਣ ਪਾਵਨ ਦੁਨੀਆ ਦਾ ਮਾਲਿਕ ਬਣਨ। ਬਾਪ ਆਤਮਾਵਾਂ ਨਾਲ ਬੈਠ ਗੱਲ ਕਰਦੇ ਹਨ। ਨਿਰਾਕਾਰ ਬਾਪ ਇਨ੍ਹਾਂ ਦੇ ਆਰਗੰਜ਼ ਦਾ ਲੋਨ ਲੈਕੇ ਪੜਾਉਂਦੇ ਹਨ। ਤੁਹਾਡੀ ਆਤਮਾ ਵੀ ਇਨ੍ਹਾਂ ਆਰਗੰਜ ਨਾਲ ਸੁਣਦੀ ਹੈ। ਬਾਬਾ ਨੇ ਸਮਝਾਇਆ ਹੈ ਆਤਮਾ ਸਟਾਰ ਹੈ, ਜੋ ਭ੍ਰਿਕੁਟੀ ਦੇ ਵਿਚਕਾਰ ਰਹਿੰਦੀ ਹੈ ਅਤੇ ਉਹ ਬਾਪ ਹੈ ਸੁਪ੍ਰੀਮ ਆਤਮਾ। ਉਹ ਸੁਪ੍ਰੀਮ ਆਕੇ ਇਨ੍ਹਾਂ ਨੂੰ ਆਪ ਸਮਾਨ ਸੁਪ੍ਰੀਮ ਬਣਾ ਨਾਲ ਲੈ ਜਾਂਦੇ ਹਨ। ਸਭ ਆਤਮਾਵਾਂ ਦਾ ਗਾਈਡ ਹੈ। ਉਨ੍ਹਾਂ ਨੂੰ ਹੀ ਦੁੱਖ ਹਰਤਾ, ਸੁਖ ਕਰਤਾ ਕਿਹਾ ਜਾਂਦਾ ਹੈ। ਦੁੱਖ ਤੋਂ ਤੁਹਾਨੂੰ ਲਿਬਰੇਟ ਕਰ ਲੈ ਜਾਣਗੇ। ਸਤਿਯੁਗ ਵਿੱਚ ਦੁੱਖ ਹੁੰਦਾ ਨਹੀਂ। ਨਵਯੁੱਗ ਦੀ ਨਾਲ਼ੇਜ਼ ਵੀ ਨਵੀਂ ਹੈ ਨਾ। ਇਹ ਗੱਲਾਂ ਮਨੁੱਖਾਂ ਨੇ ਕਦੇ ਸੁਣੀਆਂ ਨਹੀਂ ਹਨ।

ਭਾਵੇਂ ਚੰਗੇ ਅਤੇ ਬੁਰੇ ਮਨੁੱਖ ਹਨ। ਪ੍ਰੰਤੂ ਸਾਰੇ ਪਤਿਤ, ਤਾਂ ਤੇ ਗੰਗਾ ਤੇ ਸਨਾਨ ਕਰਨੇ, ਪਾਵਨ ਬਣਨ ਜਾਂਦੇ ਹਨ। ਗੰਗਾ ਦਾ ਪਤਿਤ - ਪਾਵਨੀ ਨਾਮ ਰੱਖ ਦਿੱਤਾ ਹੈ। ਅਸਲ ਵਿੱਚ ਪਤਿਤ - ਪਾਵਨ ਤੇ ਬਾਪ ਨੂੰ ਹੀ ਕਿਹਾ ਜਾਂਦਾ ਹੈ। ਪਤਿਤ ਦੁਨੀਆ ਦੇ ਬਾਦ ਫਿਰ ਪਾਵਨ ਦੁਨੀਆ ਦੀ ਸਥਾਪਨਾ ਹੁੰਦੀ ਹੈ। ਸਤਿਯੁਗ ਨੂੰ ਵਾਈਸਲੈਸ ਵਰਲਡ ਕਿਹਾ ਜਾਂਦਾ ਹੈ। ਅਤੇ ਉਹ ਹੈ ਸਾਈਲੈਂਸ ਇਨਕਾਰਪੋਰੀਅਲ ਵਰਲਡ। ਆਤਮਾਵਾਂ ਇੱਥੇ ਆਕੇ ਪਾਰਟ ਵਜਾਉਂਦੀਆਂ ਹਨ। ਪਾਰਟ ਹੈ 84 ਜਨਮਾਂ ਦਾ। ਤੁਸੀਂ ਆਲਰਾਉਂਡਰ ਪਾਰਟ ਵਜਾਉਂਦੇ ਹੋ। ਇਹ ਹੈ ਬਣਿਆ - ਬਣਾਇਆ ਡਰਾਮਾ। ਹਰ ਇੱਕ ਵਿਚ ਆਪਣਾ - ਆਪਣਾ ਪਾਰਟ ਅਵਿਨਾਸ਼ੀ ਹੈ। ਉਹ ਕਦੇ ਮਿਟਦਾ ਨਹੀਂ ਹੈ। ਤੁਸੀਂ 84 ਜਨਮ ਭੋਗਦੇ ਰਹੋਗੇ। ਚਕ੍ਰ ਦਾ ਆਦਿ - ਅੰਤ ਨਹੀਂ ਹੈ। ਡਰਾਮਾ ਕਦੋਂ ਸ਼ੁਰੂ ਹੋਇਆ - ਇਹ ਪ੍ਰਸ਼ਨ ਨਹੀਂ ਉੱਠਦਾ। ਨਾ ਆਦਿ ਹੈ, ਨਾ ਅੰਤ ਹੈ। ਸਤਿਯੁਗ ਆਦਿ ਸਤ ਹੈ, ਹੈ ਵੀ ਸਤ, ਹੋਸੀ ਵੀ ਸਤ...। ਇਸ ਚਕ੍ਰ ਨੂੰ ਸਮਝਣ ਨਾਲ ਤੁਸੀਂ ਸਵਰਗ ਦੇ ਚਕ੍ਰਵਰਤੀ ਮਹਾਰਾਜਾ ਮਹਾਰਾਣੀ ਬਣਦੇ ਹੋ। ਉਸ ਨੂੰ ਵਰਲਡ ਆਲਮਾਈਟੀ ਅਥਾਰਟੀ ਰਾਜ ਕਿਹਾ ਜਾਂਦਾ ਹੈ, ਜੋ ਵਰਲਡ ਆਲਮਾਈਟੀ ਬਾਪ ਤੋਂ ਮਿਲਦਾ ਹੈ। ਤੁਸੀਂ ਬੇਹੱਦ ਦੇ ਬਾਪ ਤੋਂ 21 ਪੀੜ੍ਹੀ ਦੇ ਲਈ ਸੁੱਖਦਾ ਵ੍ਰਸਾ ਪਾਉਂਦੇ ਹੋ। ਬਾਪ ਨੂੰ ਕਿਹਾ ਜਾਂਦਾ ਹੈ ਹੇਵਨਲੀ ਗੌਡ ਫਾਦਰ। ਹੇਵਿਨ ਦਾ ਵ੍ਰਸਾ ਦੇਣ ਵਾਲਾ ਬਾਪ ਕਹਿੰਦੇ ਹਨ ਮੈਂ ਕਲਪ ਦੇ ਸੰਗਮਯੁੱਗ ਤੇ ਆਕੇ ਸਵਰਗ ਦਾ ਵ੍ਰਸਾ ਦਿੰਦਾ ਹਾਂ। ਜੋ ਪੁਰਸ਼ਾਰਥ ਕਰਨਗੇ ਉਹ ਸੂਰਜ ਵੰਸ਼ੀ ਰਾਜਾਈ ਵਿੱਚ ਆਉਣਗੇ। ਇਹ ਕੋਈ ਕਾਮਨ ਸਤਿਸੰਗ ਨਹੀਂ ਹੈ। ਇਹ ਹੈ ਗੋਡਲੀ ਯੂਨੀਵਰਸਟੀ। ਭਗਵਾਨੁਵਾਚ ਹੈ ਨਾ। ਭਗਵਾਨ ਪੜ੍ਹਾ ਕੇ ਮਨੁੱਖਾਂ ਨੂੰ ਦੇਵਤੇ ਬਣਾਉਂਦੇ ਹਨ। ਅਜਿਹਾ ਕੋਈ ਸਤਿਸੰਗ ਨਹੀਂ ਹੋਵੇਗਾ ਜਿਸ ਵਿਚ ਕਹਿਣ ਕੀ ਅਸੀਂ ਮਨੁੱਖ ਤੋਂ ਦੇਵਤਾ ਬਣਾਵਾਂਗੇ।

ਹੁਣ ਤੁਸੀਂ ਬੱਚੇ ਨਵੀਂ ਦੁਨੀਆ ਵਿਚ ਦੇਵੀ - ਦੇਵਤਾ ਪਦਵੀ ਪਾਉਣ ਦੇ ਲਈ ਪੁਰਸ਼ਾਰਥ ਕਰ ਰਹੇ ਹੋ। ਸਮਝਾਉਣਾ ਚਾਹੀਦਾ ਹੈ ਦੋ ਬਾਪ ਹੁੰਦੇ ਹਨ - ਇੱਕ ਬੇਹੱਦ ਦਾ ਬਾਪ, ਇੱਕ ਹੱਦ ਦਾ। ਅਸੀ ਬੇਹੱਦ ਦੇ ਬਾਪ ਤੋਂ ਵ੍ਰਸਾ ਲੈ ਰਹੇ ਹਾਂ। ਤੁਹਾਨੂੰ ਵੀ ਰਾਏ ਦਿੰਦੇ ਹਾਂ ਵ੍ਰਸਾ ਲਵੋ। ਸ੍ਰੇਸ਼ਠ ਤੇ ਸ੍ਰੇਸ਼ਠ ਪਰਮਪਿਤਾ ਪਰਮਾਤਮਾ ਦੀ ਮਤ ਤੇ ਚੱਲਣ ਨਾਲ ਤੁਸੀਂ ਸਵਰਗ ਦੇ ਮਾਲਿਕ ਬਣੋਗੇ। ਸੱਚਾ ਹੈ ਹੀ ਇੱਕ ਬਾਪ। ਉਹ ਆਕੇ ਪੜ੍ਹਾਉਂਦੇ ਹਨ। ਇਨ੍ਹਾਂ ਦੇ ਆਰਗੰਜ ਦਵਾਰਾ ਕਹਿੰਦੇ ਹਨ ਬ੍ਰਹਮਾ ਤਨ ਨਾਲ ਬ੍ਰਹਮਾ ਮੁੱਖ ਵੰਸ਼ਾਵਲੀ ਨੂੰ ਵ੍ਰਸਾ ਦਿੰਦਾ ਹਾਂ। ਬ੍ਰਹਮਾ ਦਵਾਰਾ ਤੁਹਾਨੂੰ ਦਾਦੇ ਦਾ ਵ੍ਰਸਾ ਮਿਲਦਾ ਹੈ। ਦਾਦੇ ਦੇ ਵ੍ਰਸੇ ਤੇ ਸਭ ਆਤਮਾਵਾਂ ਦਾ ਹੱਕ ਹੈ। ਲੌਕਿਕ ਸੰਬੰਧ ਵਿੱਚ ਸਿਰਫ ਮੇਲ ਨੂੰ ਵ੍ਰਸਾ ਮਿਲਦਾ ਹੈ। ਤੁਸੀਂ ਤਾਂ ਆਤਮਾਵਾਂ ਹੋ। ਸਭ ਬ੍ਰਦਰਜ ਠਹਿਰੇ। ਸਭ ਨੂੰ ਸ਼ਿਵਬਾਬਾ ਤੋਂ ਵ੍ਰਸਾ ਮਿਲਦਾ ਹੈ। ਤੁਹਾਨੂੰ ਦਾਦੇ ਤੋਂ ਵ੍ਰਸਾ ਮਿਲ ਰਿਹਾ ਹੈ।

ਬਾਪ ਕਹਿੰਦੇ ਹਨ ਮੈਂ ਤੁਹਾਨੂੰ ਮੰਦਿਰ ਲਾਇਕ ਬਣਾਉਂਦਾ ਹਾਂ। ਮਨੁੱਖਾਂ ਵਿੱਚ ਕ੍ਰੋਧ ਵੇਖੋ ਕਿਨਾਂ ਹੈ। ਇੱਕ ਦੂਜੇ ਦਾ ਵਿਨਾਸ਼ ਕਰ ਦਿੰਦੇ ਹਨ। ਇਹ ਹੈ ਵੇਸ਼ਾਲਿਆ। ਸ਼ਿਵਾਲਾ ਸੀ, ਸੋ ਫਿਰ ਹੁਣ ਬਣਨਾ ਹੈ। ਪਰਮਪਿਤਾ ਪਰਮਾਤਮਾ ਸ਼ਿਵ ਆਕੇ ਸ਼ਿਵਾਲਾ ਬਣਾਉਂਦੇ ਹਨ। ਵੇਸ਼ਾਲਿਆ ਤੋਂ ਲਿਬ੍ਰੇਟ ਕਰ ਫਿਰ ਗਾਈਡ ਬਣ ਸਭ ਨੂੰ ਸ਼ਿਵਾਲੇ ਵਿੱਚ ਲੈ ਜਾਂਦੇ ਹਨ। ਸਭ ਆਪਣੇ ਪੁਰਾਣੇ ਸਰੀਰਾਂ ਤੋਂ ਮੁਕਤ ਹੋਕੇ ਮੇਰੇ ਨਾਲ ਚੱਲਣਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਦੈਵੀਗੁਣ ਧਾਰਨ ਕਰ ਖੁਦ ਦੇ ਜੀਵਨ ਨੂੰ ਪਲਟਾਉਣਾ ਹੈ। ਸੱਚਖੰਡ ਵਿੱਚ ਚੱਲਣ ਦੇ ਲਈ ਸੱਚੇ ਬਾਪ ਨਾਲ ਸੱਚਾ ਰਹਿਣਾ ਹੈ।

**2.** ਇੱਕ ਸਤ ਬਾਪ ਦੇ ਸੰਗ ਵਿੱਚ ਰਹਿਣਾ ਹੈ। ਮਨੁੱਖ ਤੋਂ ਦੇਵਤਾ ਬਣਨ ਦੀ ਪੜ੍ਹਾਈ ਚੰਗੀ ਤਰ੍ਹਾਂ ਪੜ੍ਹਕੇ ਬੇਹੱਦ ਦਾ ਵਰਸਾ ਲੈਣਾ ਹੈ।

ਵਰਦਾਨ:- ਹਰ ਇੱਕ ਦੇ ਸੁਭਾਅ - ਸੰਸਕਾਰ ਨੂੰ ਜਾਣ, ਟਕਰਾਉਣ ਦੀ ਬਜਾਏ ਸੇਫ ਰਹਿਣ ਵਾਲੇ ਮਾਸਟਰ ਨਾਲੇਂਜਫੁੱਲ ਭਵ। ਕਿਸੇ ਵੀ ਗੱਲ ਨੂੰ ਛੋਟਾ ਜਾਂ ਵੱਡਾ ਕਰਨਾ - ਇਹ ਆਪਣੀ ਬੁੱਧੀ ਤੇ ਹੈ। ਜਦਕਿ ਇੱਕ ਦੋ ਦੇ ਸੁਭਾਅ ਸੰਸਕਾਰ ਨੂੰ ਜਾਣ ਗਏ ਹੋ ਤਾਂ ਨਾਲੇਜ਼ਫੁੱਲ ਕਦੇ ਕਿਸੇ ਦੇ ਸੁਭਾਅ ਸੰਸਕਾਰ ਨਾਲ ਟੱਕਰ ਨਹੀਂ ਖਾ ਸਕਦੇ। ਜਿਵੇਂ ਕਿਸੇ ਨੂੰ ਪਤਾ ਹੈ ਕਿ ਇੱਥੇ ਟੋਇਆ ਹੈ ਜਾਂ ਪਹਾੜ ਹੈ ਤਾਂ ਜਾਨਣ ਵਾਲਾ ਕਦੇ ਟਕਰਾਏਗਾ ਨਹੀਂ, ਕਿਨਾਰਾ ਕਰ ਲਵੇਗਾ। ਇਵੇਂ ਤੁਸੀਂ ਵੀ ਕਿਨਾਰਾ ਕਰੋ ਮਤਲਬ ਆਪਣੇ ਨੂੰ ਸੇਫ ਰੱਖੋ। ਕਿਸੇ ਕੰਮ ਤੋਂ ਕਿਨਾਰਾ ਨਹੀਂ ਕਰੋ ਲੇਕਿਨ ਆਪਣੀ ਸੇਫਟੀ ਦੀ ਸ਼ਕਤੀ ਨਾਲ ਦੂਸਰੇ ਨੂੰ ਵੀ ਸੇਫ ਕਰਨਾ - ਇਹ ਕਿਨਾਰਾ ਕਰਨਾ ਹੈ।

ਸਲੋਗਨ:- ਉੱਡਦੀ ਕਲਾ ਦਾ ਅਨੁਭਵ ਕਰਨਾ ਹੈ ਤਾਂ ਸਦਾ ਭਾਗ ਅਤੇ ਭਾਗ ਵਿਧਾਤਾ ਦੀ ਸਮ੍ਰਿਤੀ ਵਿੱਚ ਰਹੋ।

******